# 2016 ਵਿਧਾਨ ਪ੍ਰੀਸ਼ਦ ਚੋਣ ਤੇ ਸੰਖੇਪ ਜਾਣਕਾਰੀ

## ਮਤਦਾਨ ਦੀ ਮਿਤੀ ਅਤੇ ਸਮਾਂ

- 4 ਸਤੰਬਰ 2016 (ਐਤਵਾਰ)
- 7:30 a.m. - 10:30 p.m.

## ਨਾਮਜ਼ਦਗੀ ਸਮਾਂ

- 16 – 29 ਜੁਲਾਈ 2016

## ਨਾਮਜ਼ਦਗੀ ਫਾਰਮ

- ਨਾਮਜ਼ਦਗੀ ਫਾਰਮ 10/F, Harbour Centre, 25 Harbour Road, Wan Chai ਵਿੱਚ ਜ਼ਿਲ੍ਹਾ ਦਫਤਰ ਅਤੇ ਰਜਿਸਟਰੇਸ਼ਨ ਅਤੇ ਚੋਣ ਦਫ਼ਤਰ ("REO") ਤੇ ਵੀ ਉਪਲਬਧ ਹਨ । ਇਹ REO ਵੈਬਸਾਈਟ (www.reo.gov.hk) ਤੋਂ ਵੀ ਡਾਊਨਲੋਡ ਕੀਤਾ ਜਾ ਸਕਦਾ ਹੈ ।

## ਮਤਦਾਨ

- ਹਰ ਇੱਕ ਦਰਜ ਮਤਦਾਤਾ ਇੱਕ ਭੂਗੋਲਿਕ ਨਿਰਵਾਚਨ ਖੇਤਰ ( "GC" ) ਲਈ ਇੱਕ ਵੋਟ ਅਤੇ ਇੱਕ ਕਿਰਿਆਸ਼ੀਲ ਨਿਰਵਾਚਨ ਖੇਤਰ ( "FC" ) ਲਈ 1 ਵੋਟ ਪਾ ਸੱਕਦੇ ਹਨ।
- ਹਰ ਮਤਦਾਤਾ ਜਾਂ ਅਧਿਕਾਰਤ ਪ੍ਰਤਿਨਿਧੀ ( "AR" ) ਨੂੰ ਇੱਕ ਮਨੋਨੀਤ ਪੋਲਿੰਗ ਸਟੇਸ਼ਨ ਜਾਰੀ ਕੀਤਾ ਜਾਵੇਗਾ ।
- ਮਤਦਾਨ ਦੇ ਲੱਗਭੱਗ 10 ਦਿਨ ਪਹਿਲਾਂ ਸਬੰਧਿਤ ਮਤਦਾਤਾਵਾਂ ਜਾਂ AR ਨੂੰ ਇੱਕ ਪੋਲ ਕਾਰਡ ਜਾਰੀ ਕੀਤਾ

ਜਾਵੇਗਾ ਜਿਸ ਉੱਤੇ ਨਿਯਮਤ ਕੇਂਦਰ ਪ੍ਰਕਾਸ਼ਿਤ ਹੋਵੇਗਾ।

- ਕਿ ਮਤਦਾਤਾ ਜਾਂ AR ਨੂੰ ਨਿਰਧਾਰਤ ਮਤਦਾਨ ਕੇਂਦਰ ਚਲਣ-ਫਿਰਨ ਵਿੱਚ ਮੁਸ਼ਕਲ ਵਾਲੇ ਵਿਅਕਤੀਆਂ ਲਈ ਪਹੁੰਚਯੋਗ ਹੈ ਜਾਂ ਨਹੀਂ ਇਹ ਪੋਲ ਕਾਰਡ ਨਾਲ ਜੁੜੇ ਨਕਸ਼ੇ ਵਿੱਚ ਨਿਸ਼ਚਿਤ ਕੀਤਾ ਜਾਵੇਗਾ। ਇਹ ਜਾਣਨ ਦੇ ਬਾਅਦ ਕਿ ਨਿਯਮਤ ਮਤਦਾਨ ਕੇਂਦਰ ਉਨ੍ਹਾਂ ਦੇ ਲਈ ਪਹੁੰਚਯੋਗ ਨਹੀਂ ਹੋਵੇਗਾ, ਵਿਕਲਾਂਗ ਮਤਦਾਤਾ ਜਾਂ AR ਨੂੰ ਪੰਜੀਕਰਣ ਅਤੇ ਨਿਰਵਾਚਨ ਦਫ਼ਤਰ ਨੂੰ ਨਿਯਮਤ ਵਿਸ਼ੇਸ਼ ਮਤਦਾਨ ਕੇਂਦਰ ਉੱਤੇ ਮਤਦਾਨ ਕਰਨ ਲਈ REO ਨੂੰ ਫੈਕਸ ਦੁਆਰਾ ( 2891 1180 ), ਈ ਮੇਲ ਦੁਆਰਾ (reoenq@reo.gov.hk) ਜਾਂ ਟੈਲੀਫੋਨ ਦੁਆਰਾ ( 2891 1001) 30 ਅਗਸਤ 2016 ਤੋਂ ਪਹਿਲਾਂ ਆਵੇਦਨ ਕਰ ਸੱਕਦੇ ਹਨ।

- ਜੇਕਰ ਮਤਦਾਤਾ ਜਾਂ AR ਨੂੰ ਮਤਦਾਨ ਉੱਤੇ ਜਾਣਕਾਰੀ ਲਈ ਅਨੁਵਾਦ ਵਿੱਚ ਸਹਾਇਤਾ ਦੀ ਜ਼ਰੂਰਤ ਹੈ ਤਾਂ, ਉਹ ਘੱਟ ਗਿਣਤੀ ਲੋਕਾਂ ਲਈ ਕੇਂਦਰ (“CHEER” ) ਵਿੱਚ ਨਿੱਚੇ ਲਿਖੇ ਹੌਟਲਾਈਨ ਉੱਤੇ ਕਾੱਲ ਕਰ ਸੱਕਦੇ ਹਨ ਜੋ ਕਿ 22 ਅਗਸਤ 2016 ਤੋਂ ਲਾਗੂ ਹੋਵੇਗਾ।

| **ਭਾਸ਼ਾ** | **ਹੌਟਲਾਈਨ ਨੰਬਰ** |
|---|---|
| ਭਾਸ਼ਾ ਇੰਡੋਨੇਸੀਆ | 3755 6811 |
| ਤਾਗਾਲੋਗ | |
| ਥਾਈ | |
| ਹਿੰਦੀ | 3755 6822 |
| ਨੇਪਾਲੀ | |
| ਉਰਦੂ | 3755 6833 |
| ਪੰਜਾਬੀ | |

**ਮਤਦਾਨ ਕਿਵੇਂ ਕਰੀਏ ?**

- ਮਤਦਾਨ ਕੇਂਦਰ ਵਿੱਚ ਆਪਣਾ HKID ਕਾਰਡ ਲਿਆਓ ਅਤੇ ਮੌਜੂਦ ਮਤਦਾਨ ਕਰਮਚਾਰੀਆਂ ਨੂੰ ਦਿਖਾਵੋ।
- ਤੁਹਾਨੂੰ ਤੁਹਾਡੇ ਹਕ ਦੇ ਅਨੁਸਾਰ ਇੱਕ ਬੈਲਟ ਪੇਪਰ(ਆਂ), "✓"(ਟਿਕ) ਲਗਾ ਹੋਇਆ ਇੱਕ ਚਾਪ ਦੇ ਨਾਲ ਇੱਕ ਪੇਪਰ ਬੋਰਡ ਦਿੱਤਾ ਜਾਵੇਗਾ। GC ਅਤੇ ਜ਼ਿਲ੍ਹਾ ਪ੍ਰੀਸ਼ਦ (ਦੂਜਾ) FC ਬੈਲਟ ਪੇਪਰ ਪੋਲਿੰਗ ਸਟਾਫ਼ ਦੁਆਰਾ ਪਿਹਲਾਂ ਹੀ ਮੋੜ ਦਿੱਤਾ ਜਾਵੇਗਾ। ਇੱਕ ਮਤਦਾਤਾ ਜਾਂ FC ਦੇ ਚਾਰ ਵਿਸ਼ੇਸ਼ AR (ਭਾਵ ਹੂੰਗ ਯੀ ਕੂਕ FC, ਖੇਤੀਬਾੜੀ ਅਤੇ ਮੱਛੀ ਪਾਲਣ FC, ਬੀਮਾ FC ਅਤੇ ਆਵਾਜਾਈ FC) ਨੂੰ ਇੱਕ ਕਾਲਾ ਪੈੱਨ ਵੀ ਦਿੱਤਾ ਜਾਵੇਗਾ।
- ਆਪਣੇ ਬੈਲਟ ਪੇਪਰ (ਆਂ) ਨੂੰ ਇੱਕ ਵੋਟ ਕੰਮਪਾਰਟਮੇਟ ਦੇ ਅੰਦਰ ਹੀ ਮਾਰਕ ਕਰੋ।
- ਸਾਰੇ ਵੋਟਰ ਜਾਂ AR (ਵੋਟਰ ਜਾਂ ARs ਦੇ ਚਾਰ ਵਿਸ਼ੇਸ਼ FC ਨੂੰ ਛੱਡ ਕੇ) ਦੇ ਉਮੀਦਵਾਰ (ਆਂ) ਦੀ ਸੂਚੀ ਦੇ ਸਾਹਮਣੇ ਗੋਲ ਚੱਕਰ ਵਿੱਚ ਜਾਂ ਆਪਣੀ ਪਸੰਦ ਦੇ ਉਮੀਦਵਾਰ ਦੇ ਨਾਮ ਤੇ ਇੱਕ "✓" (ਟਿੱਕ) ਕਰਨ ਲਈ ਕਾਰਡ ਬੋਰਡ ਤੇ ਲਗੀ ਹੋਈ ਚਾਪ ਦਾ ਇਸਤੇਮਾਲ ਕਰੋ।
- ਵੋਟਰ ਜਾਂ AR ਦੇ ਚਾਰ ਵਿਸ਼ੇਸ਼ FC ਲਈ, ਆਪਣੀ ਪਹਿਲੀ ਤਰਜੀਹ ਦੇ ਉਮੀਦਵਾਰ ਦੇ ਨਾਮ ਦੇ ਉਲਟ ਚੱਕਰ ਵਿੱਚ ਅਰਬੀ ਅੰਕ "1" ਅਤੇ ਆਪਣੇ ਦੂਜੇ ਤਰਜੀਹ ਦੇ ਨਾਮ ਦੇ ਉਮੀਦਵਾਰ ਤੇ ਅਰਬੀ ਅੰਕ '2 " ਅਤੇ ਇਸ ਤਰ੍ਹਾ ਮਾਰਕ ਕਰਨ ਲਈ ਕ੍ਰਿਪਾ ਕਰਕੇ ਤੁਹਾਨੂੰ ਜਾਰੀ ਕੀਤੇ ਕਾਲੇ ਪੈੱਨ ਦੀ ਵਰਤੋਂ ਕਰੋ। ਤੁਸੀਂ ਸਿਰਫ ਇੱਕ ਉਮੀਦਵਾਰ ਲਈ ਪਹਿਲੀ ਤਰਜੀਹ ਮਾਰਕ ਕਰ ਸਕਦੇ ਹੋ।

- ਜੇਕਰ ਤੁਹਾਡੇ ਕੋਲੋ ਬੈਲਟ ਪੇਪਰ ਤੇ ਮਾਰਕ ਕਰਦੇ ਕੋਈ ਗਲਤੀ ਹੋ ਜਾਦੀ ਹੈ ਜਾਂ ਅਣਜਾਣੇ ਵਿੱਚ ਬੈਲਟ ਪੇਪਰ ਖਰਾਬ ਹੋ ਜਾਂਦਾ ਹੈ ਤਾਂ, ਕ੍ਰਿਪਾ ਕਰਕੇ ਬੈਲਟ ਪੇਪਰ ਪ੍ਰਧਾਨ ਅਧਿਕਾਰੀ ਨੂੰ ਵਾਪਸ ਕਰੋ ਅਤੇ ਇੱਕ ਨਵੇਂ ਬੈਲਟ ਪੇਪਰ ਲਈ ਪੁੱਛੋ।

- ਬੈਲਟ ਪੇਪਰ ਨੂੰ ਮਾਰਕ ਕਰਨ ਤੋ ਬਾਅਦ:

  (a) GC ਮਤਦਾਤਾ ਇਕ ਵਾਰ ਫਿਰ ਬੈਲਟ ਪੇਪਰ ਨੂੰ ਪੋਲਿੰਗ ਸਟਾਫ਼ ਦੇ ਅਨੁਸਾਰ ਕੀਤੀ ਪ੍ਰੀ-ਤਹਿ ਵਾਂਗ ਫੋਲਡ ਕਰਨਗੇ , ਜੋ ਕਿ ਇਸ ਨੂੰ **ਨੀਲੇ** ਬੈਲਟ ਬਾਕਸ ਵਿੱਚ ਪਾਉਣ ਤੋਂ ਪਿਹਲਾ ਮਾਰਕ "✓" (ਟਿੱਕ) ਕੀਤੇ ਪਾਸੇ ਨੂੰ ਅੰਦਰ ਵੱਲ ਨੂੰ ਛੁਪਾ ਸਕਣ ;

  (b) ਇੱਕ ਜ਼ਿਲ੍ਹਾ ਪ੍ਰੀਸ਼ਦ (ਦੂਜਾ) FC ਮਤਦਾਤੇ ਨੂੰ ਵੀ ਇਸੇ ਤਰ੍ਹਾ ਇੱਕ ਵਾਰ ਬੈਲਟ ਪੇਪਰ ਨੂੰ ਫੋਲਡ ਕਰਨਾ ਚਾਹੀਦਾ ਹੈ ਅਤੇ ਫਿਰ ਇਸ ਨੂੰ **ਚਿੱਟੇ** ਬੈਲਟ ਬਾਕਸ ਵਿੱਚ ਪਾ ਦਿੱਤਾ ਜਾਣਾ ਚਾਹੀਦਾ ਹੈ; ਅਤੇ

  (c) ਇੱਕ ਮਤਦਾਤਾ ਜਾਂ AR ਦੇ ਹੋਰ FC ਨੂੰ ਬੈਲਟ ਪੇਪਰ ਫੋਲਡ ਨਹੀਂ ਕਰਨਾ ਚਾਹੀਦਾ ਹੈ। ਕਿਰਪਾ ਕਰਕੇ ਇਸ ਨੂੰ ਨਿੱਚੇ ਵੱਲ ਨੂੰ ਕਰੋ ਅਤੇ **ਲਾਲ** ਬੈਲਟ ਬਾਕਸ ਵਿੱਚ ਪਾਓ।

**ਸਾਫ਼ ਚੋਣ**

ਭ੍ਰਿਸ਼ਟਾਚਾਰ ਵਿਰੁੱਧ ਸਵਾਧੀਨ ਕਮਿਸ਼ਨ ਦੁਆਰਾ ਲਾਗੂ ਕੀਤਾ ਜਾਣ ਵਾਲਾ ਚੋਣ (ਭ੍ਰਿਸ਼ਟ ਅਤੇ ਗੈਰਕਨੂੰਨੀ ਪ੍ਰਣਾਲੀ) ਅਧਿਆਦੇਸ਼ (ਕੈਪ 554) ਦੇ ਅਨੁਸਾਰ, ਇੱਕ ਮਤਦਾਤਾ ਨੂੰ **ਬਿਲਕੁਲ ਨਹੀਂ**:

- ਚੋਣ ਵਿੱਚ ਵੋਟ ਨਾ ਪਾਉਣ ਲਈ ਜਾਂ ਕਿਸੇ ਇੱਕ ਵਿਸ਼ੇਸ਼ ਉਮੀਦਵਾਰ ਨੂੰ ਵੋਟ ਪਾਉਣ ਲਈ ਜਾਂ ਨਾ ਪਾਉਣ ਲਈ ਕਿਸੇ ਇੱਕ ਵਿਅਕਤੀ ਤੋਂ ਕੋਈ ਮੁਨਾਫ਼ਾ (ਪੈਸਾ, ਉਪਹਾਰ, ਆਦਿ ਸਹਿਤ), ਖਾਣਾ, ਪਾਣੀ ਜਾਂ ਮਨੋਰੰਜਨ ਮੰਗਣਾ ਜਾਂ ਸਵੀਕਾਰ ਕਰਨਾ ;

- ਕਿਸੇ ਦੇ ਮਤਦਾਨ ਦੇ ਫ਼ੈਸਲੇ ਨੂੰ ਪ੍ਰਭਾਵਿਤ ਕਰਨ ਲਈ ਦਬਾਅ ਜਾਂ ਨਾਜਾਇਜ਼ ਦਬਾਅ ਦਾ ਪ੍ਰਯੋਗ ਜਾਂ ਪ੍ਰਯੋਗ ਕਰਣ ਲਈ ਧਮਕੌਣਾ ;
- ਉਨ੍ਹਾਂਨੂੰ/ਉਹਨੂੰ ਇਹ ਜਾਣਕਾਰੀ ਹੁੰਦੇ ਹੋਏ ਵੀ ਕਿ ਉਹ ਮਤਦਾਨ ਦੇ ਹੱਕਦਾਰ ਨਹੀਂ ਹਨ ਤਾਂ ਵੀ ਵੋਟ ਪਾਉਣਾ; ਜਾਂ ਜਾਣਬੁੱਝ ਕੇ ਜਾਂ ਬਿਨਾਂ ਵਿਚਾਰੇ ਝੂਠੀ ਜਾਂ ਚਾਲਬਾਜ਼ ਜਾਣਕਾਰੀ (ਜਿਵੇਂ ਕਿ ਝੂਠੀ ਰਿਹਾਇਸ਼ ਦਾ ਪਤਾ) ਨਿਰਵਾਚਕੀ ਅਧਿਕਾਰੀ ਨੂੰ ਦੇਣਾ।